
ELECTION 2026

Voter Hotline: 1-888-API-VOTE

ASIAN AMERICANS ADVANCING JUSTICE AAJC



Bilingual assistance is available in Bengali/Bangla (বাংলা), Cantonese (廣東話), English, Hindi (हिंदी), Korean (한국어), Mandarin (普通話), Punjabi (ਪੰਜਾਬੀ), Tagalog, Urdu (اردو), and Vietnamese (tiếng Việt)



ਕੀ ਮੇਰੀ ਵੋਟ ਗਿਣੀ ਗਈ ਸੀ? ਵੋਟ ਪਾਉਣ ਤੋਂ ਬਾਅਦ ਕੀ ਕਰਨਾ ਹੈ!

ਕਈ ਵਾਰ ਹੋ ਸਕਦਾ ਹੈ ਕਿ ਤੁਹਾਡੀ ਵੋਟ ਦੀ ਗਿਣਤੀ ਨਾ ਕੀਤੀ ਜਾਵੇ। ਬੈਲਟ ਦੀ ਗਿਣਤੀ ਚੋਣ ਵਾਲੇ ਦਿਨ ਤੋਂ ਬਾਅਦ ਕਈ ਦਿਨਾਂ ਤੱਕ ਹੁੰਦੀ ਹੈ, ਇਸ ਲਈ ਤੁਹਾਡੇ ਕੋਲ ਕੁਝ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਮਾਂ ਹੋ ਸਕਦਾ ਹੈ ਕਿ ਤੁਹਾਡੀ ਬੈਲਟ ਦੀ ਗਿਣਤੀ ਕਿਉਂ ਨਹੀਂ ਕੀਤੀ ਗਈ। ਇਹ ਯਕੀਨੀ ਬਣਾਉਣ ਲਈ ਤੁਸੀਂ ਇਹ ਚੀਜ਼ਾਂ ਕਰ ਸਕਦੇ ਹੋ ਕਿ ਤੁਹਾਡੀ ਵੋਟ ਗਿਣੀ ਜਾਵੇ!

ਚੋਣ ਦਿਵਸ: ਮੰਗਲਵਾਰ, 3 ਨਵੰਬਰ, 2026

ਮੇਲ/ਐਬਸੈਂਟੀ ਬੈਲਟ

- ਇਹ ਯਕੀਨੀ ਬਣਾਉਣ ਲਈ ਬੈਲਟ ਨੂੰ ਗਿਣਿਆ ਗਿਆ ਹੈ, ਆਪਣੇ ਮੇਲ/ਐਬਸੈਂਟੀ ਬੈਲਟ ਨੂੰ ਟ੍ਰੈਕ ਕਰੋ। ਤੁਸੀਂ ਹਰ ਰਾਜ ਦੀ ਟਰੈਕਿੰਗ ਜਾਣਕਾਰੀ www.ballotready.org 'ਤੇ ਲੱਭ ਸਕਦੇ ਹੋ।
  - **ਜਲਦੀ ਟਰੈਕਿੰਗ ਸ਼ੁਰੂ ਕਰੋ** – ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਲਈ ਅਕਸਰ ਸੀਮਤ ਸਮਾਂ ਹੁੰਦਾ ਹੈ!
- ਜੇਕਰ ਤੁਹਾਡੇ ਮੇਲ/ਐਬਸੈਂਟੀ ਬੈਲਟ ਦੀ ਗਿਣਤੀ ਨਹੀਂ ਹੋਈ ਹੈ – ਮੇਲ/ਐਬਸੈਂਟੀ ਬੈਲਟ ਨਾ ਗਿਣੇ ਜਾਣ ਦੇ ਆਮ ਕਾਰਨ:
  - **ਦਸਤਖ਼ਤ ਮਿਲਾਨ** – ਤੁਹਾਡੇ ਮੇਲ/ਐਬਸੈਂਟੀ ਬੈਲਟ 'ਤੇ ਦਸਤਖ਼ਤ ਉਸ ਦਸਤਖ਼ਤ ਨਾਲ ਮੇਲ ਨਹੀਂ ਖਾਂਦੇ ਜੋ ਤੁਹਾਡੇ ਸਰਕਾਰੀ ਰਿਕਾਰਡ 'ਤੇ ਹਨ।
  - **ਨਿਰਦੇਸ਼ਾਂ ਦੀ ਪੂਰੀ ਜਾਂ ਸਹੀ ਢੰਗ ਨਾਲ ਪਾਲਣਾ ਕਰਨ ਵਿੱਚ ਅਸਫਲਤਾ।**
  - **ਤੁਹਾਡੀ ਪਛਾਣ ਦੀ ਕਾਪੀ ਸ਼ਾਮਲ ਕਰਨ ਵਿੱਚ ਅਸਫਲਤਾ।**
- **1-888-API-VOTE (1-888-274-8683)** ਹੌਟਲਾਈਨ 'ਤੇ ਕਾਲ ਕਰੋ ਜੇਕਰ ਤੁਹਾਨੂੰ ਆਪਣੇ ਐਬਸੈਂਟੀ/ਮੇਲ ਬੈਲਟ ਨੂੰ ਟਰੈਕ ਕਰਨ ਵਿੱਚ ਮਦਦ ਦੀ ਲੋੜ ਹੈ ਜਾਂ ਇਹ ਦੇਖਣ ਲਈ ਕਿ ਕੀ ਤੁਸੀਂ ਆਪਣੇ ਐਬਸੈਂਟੀ/ਮੇਲ ਬੈਲਟ ਨਾਲ ਸਮੱਸਿਆਵਾਂ ਨੂੰ ਹੱਲ ਕਰ ਸਕਦੇ ਹੋ।

ਆਰਜ਼ੀ ਬੈਲਟ

- ਜੇਕਰ ਤੁਸੀਂ ਇੱਕ ਆਰਜ਼ੀ ਬੈਲਟ ਨਾਲ ਵੋਟ ਪਾਈ ਹੈ, ਤਾਂ ਤੁਹਾਡੀ ਸਥਾਨਕ ਜਾਂ ਰਾਜ ਸਰਕਾਰ ਵੱਲੋਂ ਤੁਹਾਨੂੰ ਇਹ ਜਾਣਕਾਰੀ ਪ੍ਰਦਾਨ ਕੀਤੀ ਜਾਣੀ ਚਾਹੀਦੀ ਸੀ ਕਿ ਤੁਸੀਂ ਇਹ ਕਿਵੇਂ ਪਤਾ ਲਗਾ ਸਕਦੇ ਹੋ ਕਿ ਤੁਹਾਡੇ ਵੋਟ ਪਾਉਣ ਵੇਲੇ ਤੁਹਾਡੇ ਆਰਜ਼ੀ ਬੈਲਟ ਦੀ ਗਿਣਤੀ ਕੀਤੀ ਗਈ ਸੀ ਜਾਂ ਨਹੀਂ।
- ਜੇਕਰ ਤੁਸੀਂ ਇੱਕ ਆਰਜ਼ੀ ਬੈਲਟ ਨਾਲ ਵੋਟ ਪਾਈ ਹੈ ਅਤੇ ਇਸ ਦੀ ਗਿਣਤੀ ਨਹੀਂ ਹੋਈ ਹੈ, ਤਾਂ ਤੁਸੀਂ ਕੁਝ ਮਾਮਲਿਆਂ ਵਿੱਚ ਇਸ ਨੂੰ ਗਿਣੇ ਜਾਣ ਲਈ ਕਦਮ ਚੁੱਕ ਸਕਦੇ ਹੋ – ਇੱਕ ਆਰਜ਼ੀ ਬੈਲਟ ਨਾ ਗਿਣੇ ਜਾਣ ਦੇ ਆਮ ਕਾਰਨ:

ਇਹਨਾਂ ਸਵਾਲਾਂ ਦੇ ਜਵਾਬ ਕਿਵੇਂ ਲੱਭਣੇ ਹਨ ਇਸ ਬਾਰੇ ਜਾਣਕਾਰੀ ਲਈ https://www.advancingjustice-aajc.org/electionHub 'ਤੇ ਜਾਓ!
ਤੁਸੀਂ ਵੋਟਿੰਗ ਬਾਰੇ ਕਿਸੇ ਵੀ ਸਵਾਲ ਦੇ ਮਾਮਲੇ ਵਿੱਚ 1-888-API-VOTE (1-888-274-863) 'ਤੇ ਵੀ ਕਾਲ ਕਰ ਸਕਦੇ ਹੋ, ਭਾਵੇਂ ਉਹ ਕਿੰਨਾ ਵੀ ਵੱਡਾ ਜਾਂ ਛੋਟਾ ਹੋਵੇ।
ਅਸੀਂ ਚੋਣ ਦਿਵਸ ਤੱਕ, ਉਸ ਦਿਨ ਅਤੇ ਬਾਅਦ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ ਉਪਲਬਧ ਹਾਂ।


ELECTION 2026

Voter Hotline: 1-888-API-VOTE

ASIAN AMERICANS ADVANCING JUSTICE AAJC



Bilingual assistance is available in Bengali/Bangla (বাংলা), Cantonese (廣東話), English, Hindi (हिंदी), Korean (한국어), Mandarin (普通話), Punjabi (ਪੰਜਾਬੀ), Tagalog, Urdu (اردو), and Vietnamese (tiếng Việt)



- **ਵੋਟਰ ਰਜਿਸਟ੍ਰੇਸ਼ਨ** - ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਵੋਟ ਪਾਉਣ ਲਈ ਰਜਿਸਟਰ ਕੀਤਾ ਹੈ ਪਰ ਤੁਹਾਡੇ ਸਹੀ ਪੋਲਿੰਗ ਸਥਾਨ 'ਤੇ ਵੋਟਰ ਸੂਚੀਆਂ 'ਤੇ ਦਿਖਾਈ ਨਹੀਂ ਦਿੱਤੀ, ਤਾਂ ਤੁਹਾਡੀ ਵੋਟਰ ਰਜਿਸਟ੍ਰੇਸ਼ਨ ਨਾਲ ਕੋਈ ਸਮੱਸਿਆ ਹੋ ਸਕਦੀ ਹੈ ਜਿਸ ਨੂੰ ਤੁਸੀਂ ਆਪਣੇ ਸਥਾਨਕ ਚੋਣ ਅਧਿਕਾਰੀ ਨਾਲ ਹੱਲ ਕਰ ਸਕਦੇ ਹੋ।
- **ਪਛਾਣ** - ਜੇਕਰ ਤੁਸੀਂ ਚੋਣਾਂ ਵਿੱਚ ਢੁਕਵਾਂ ਸ਼ਨਾਖ਼ਤੀ ਪੱਤਰ ਲਿਆਉਣਾ ਭੁੱਲ ਗਏ ਹੋ, ਤਾਂ ਕੁਝ ਮਾਮਲਿਆਂ ਵਿੱਚ ਤੁਸੀਂ ਇਸ ਨੂੰ ਆਪਣੇ ਸਥਾਨਕ ਚੋਣ ਅਧਿਕਾਰੀਆਂ ਕੋਲ ਲਿਆ ਸਕਦੇ ਹੋ।
- **ਦਸਤਖ਼ਤ ਮਿਲਾਨ –** ਜੇਕਰ ਤੁਹਾਡੇ ਦਸਤਖ਼ਤ ਚੋਣ ਰਿਕਾਰਡਾਂ ਦੀ ਫਾਈਲ 'ਤੇ ਮੌਜੂਦ ਤੁਹਾਡੇ ਦਸਤਖ਼ਤ ਨਾਲ ਮੇਲ ਨਹੀਂ ਖਾਂਦੇ, ਤਾਂ ਤੁਸੀਂ ਚੋਣ ਤੋਂ ਬਾਅਦ ਚੋਣ ਅਧਿਕਾਰੀਆਂ ਨਾਲ ਇਸ ਮੁੱਦੇ ਨੂੰ ਹੱਲ ਕਰਨ ਲਈ ਕਦਮ ਚੁੱਕਣ ਦੇ ਯੋਗ ਹੋ ਸਕਦੇ ਹੋ।

- **1-888-API-VOTE (1-888-274-8683)** ਹੈਂਟਲਾਈਨ 'ਤੇ ਕਾਲ ਕਰੋ ਜੇਕਰ ਤੁਹਾਨੂੰ ਇਹ ਪਤਾ ਕਰਨ ਵਿੱਚ ਮਦਦ ਦੀ ਲੋੜ ਹੈ ਕਿ ਕੀ ਤੁਹਾਡੀ ਆਰਜ਼ੀ ਬੈਲਟ ਦੀ ਗਿਣਤੀ ਹੋਈ ਸੀ ਜਾਂ ਕਿਸੇ ਸਮੱਸਿਆ ਨੂੰ ਕਿਵੇਂ ਹੱਲ ਕਰਨਾ ਹੈ ਕਿਉਂਕਿ ਅਜਿਹਾ ਕਰਨ ਲਈ ਸੀਮਤ ਸਮਾਂ ਹੋ ਸਕਦਾ ਹੈ।

ਇਹਨਾਂ ਸਵਾਲਾਂ ਦੇ ਜਵਾਬ ਕਿਵੇਂ ਲੱਭਣੇ ਹਨ ਇਸ ਬਾਰੇ ਜਾਣਕਾਰੀ ਲਈ https://www.advancingjustice-aajc.org/electionHub 'ਤੇ ਜਾਓ!
ਤੁਸੀਂ ਵੋਟਿੰਗ ਬਾਰੇ ਕਿਸੇ ਵੀ ਸਵਾਲ ਦੇ ਮਾਮਲੇ ਵਿੱਚ 1-888-API-VOTE (1-888-274-863) 'ਤੇ ਵੀ ਕਾਲ ਕਰ ਸਕਦੇ ਹੋ, ਭਾਵੇਂ ਉਹ ਕਿੰਨਾ ਵੀ ਵੱਡਾ ਜਾਂ ਛੋਟਾ ਹੋਵੇ।
ਅਸੀਂ ਚੋਣ ਦਿਵਸ ਤੱਕ, ਉਸ ਦਿਨ ਅਤੇ ਬਾਅਦ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ ਉਪਲਬਧ ਹਾਂ।